Sunshine Coast Council | Our region. Healthy. Smart. Creative.

Welcome
Multicultural Welcome Hub

INFORMATION SHEET

# ਪਾਲਤੂ ਜਾਨਵਰਾਂ ਦੀ ਮਾਲਕੀ

ਇਕ ਨਵੇਂ ਪਾਲਤੂ ਜਾਨਵਰ ਦਾ ਮਾਲਕ ਬਣਨਾ ਪੂਰੇ ਪਰਿਵਾਰ ਲਈ ਬਹੁਤ ਹੀ ਦਿਲਚਸਪੀ ਭਰਿਆ ਸਮਾਂ ਹੁੰਦਾ ਹੈ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਵੀ ਆਉਂਦੀ ਹੈ ਕਿ ਤੁਹਾਡੇ ਪਾਲਤੂ ਜਾਨਵਰ ਸੁਰੱਖਿਅਤ ਰੱਖੇ ਹੋਏ ਹਨ ਅਤੇ ਦੂਜਿਆਂ ਨੂੰ ਕੋਈ ਪਰੇਸ਼ਾਨੀ ਨਾ ਪਹੁੰਚਾਈ ਜਾਵੇ

## ਪਾਲਤੂਆਂ ਦੇ ਮਾਲਕਾਂ ਲਈ ਮੁੱਖ ਸੁਝਾਅ

- ਪਾਲਤੂਆਂ ਦੀ ਰਜਿਸਟ੍ਰੇਸ਼ਨ ਲਾਜ਼ਮੀ ਤੌਰ 'ਤੇ ਉਹਨਾਂ ਦੇ 12 ਹਫ਼ਤਿਆਂ ਦੀ ਉਮਰ ਵਿੱਚ ਹੋਣੀ ਚਾਹੀਦੀ ਹੈ
- ਆਪਣੇ ਪਾਲਤੂ ਜਾਨਵਰ ਨੂੰ ਮਾਈਕਰੋਚਿਪ ਲਗਵਾਓ ਜੇ ਉਹ ਗੁੰਮ ਜਾਂ ਚੋਰੀ ਹੋ ਜਾਂਦੇ ਹਨ ਤਾਂ ਤੁਹਾਨੂੰ ਉਨ੍ਹਾਂ ਨੂੰ ਲੱਭਣ ਦੀ ਵਧੇਰੇ ਸੰਭਾਵਨਾ ਹੈ ਕਿਉਂਕਿ ਚਿੱਪ ਵਿੱਚ ਤੁਹਾਡੀ ਸੰਪਰਕ ਜਾਣਕਾਰੀ ਹੁੰਦੀ ਹੈ ਅਤੇ ਤੁਹਾਡੀ ਮਾਲਕੀਅਤ ਦਾ ਸਬੂਤ ਦਿੰਦੀ ਹੈ
- ਅਣਚਾਹੇ ਪਾਲਤੂਆਂ ਤੋਂ ਬਚਣ ਲਈ ਆਪਣੇ ਕੁੱਤੇ ਅਤੇ ਬਿੱਲੀ ਦੀ ਨਸਬੰਦੀ ਕਰਵਾਓ
- ਇਹ ਸੁਨਿਸ਼ਚਿਤ ਕਰਨ ਲਈ ਕਿ ਤੁਹਾਡੇ ਪਾਲਤੂ ਜਾਨਵਰ ਤੁਹਾਡੇ ਵਿਹੜੇ ਜਾਂ ਘਰ ਵਿੱਚ ਹੀ ਰਹਿਣ ਇਸ ਲਈ ਕੋਈ ਢੁਕਵੀਂ ਦੀਵਾਰ ਮੁਹੱਈਆ ਕਰੋ
- ਘਰ ਵਿੱਚ ਅਤੇ ਜਨਤਕ ਥਾਵਾਂ 'ਤੇ ਆਪਣੇ ਕੁੱਤੇ ਦੀ ਟੱਟੀ ਨੂੰ ਚੁੱਕੋ ਅਤੇ ਇਸ ਦਾ ਨਿਪਟਾਰਾ ਕਰੋ
- ਆਪਣੇ ਕੁੱਤੇ ਨੂੰ ਸਮਾਜਿਕ ਬਣਾਓ ਅਤੇ ਸਿਖਲਾਈ ਦਿਓ ਇਹ ਅਣਚਾਹੇ ਵਿਵਹਾਰ ਜਿਵੇਂ ਕਿ ਜ਼ਿਆਦਾ ਭੌਂਕਣਾ ਅਤੇ ਖੁਦਾਈ ਘਟਾਏਗਾ
- ਸਨਸ਼ਾਈਨ ਕੋਸਟ ਕੌਂਸਲ ਦੀ ਵੈਬਸਾਈਟ' www.sunshinecoast.qld.gov.au 'ਤੇ ਲਿਵਿੰਗ ਐਂਡ ਕਮਿਊਨਿਟੀ ਟੈਬ 'ਤੇ ਕਲਿਕ ਕਰਕੇ ਕੁੱਤਿਆਂ ਦੇ ਪਾਰਕਾਂ ਅਤੇ ਪਟੇ-ਬਗ਼ੈਰ ਛੱਡੇ ਜਾਣ ਵਾਲੇ ਖੇਤਰਾਂ ਦੀ ਸੂਚੀ ਉਪਲਬਧ ਹੈ ਆਪਣੇ ਕੁੱਤੇ ਨੂੰ ਪਟੇ-ਬਗ਼ੈਰ ਛੱਡੇ ਜਾਣ ਦੀ ਆਗਿਆ ਦੇਣ ਤੋਂ ਪਹਿਲਾਂ ਸੰਕੇਤ ਦੀ ਜਾਂਚ ਕਰੋ

## ਉਲੰਘਣਾ-ਜੁਰਮਾਨੇ

ਜੇ ਤੁਹਾਡਾ ਕੁੱਤਾ ਰਜਿਸਟਰਡ ਨਹੀਂ ਹੈ ਜਾਂ ਕਿਸੇ ਅਜਿਹੇ ਖੇਤਰ ਵਿੱਚ ਬਿਨ੍ਹਾਂ ਪੱਟੇ ਦੇ ਹੈ ਜਿੱਥੇ ਪੱਟੇ ਦੀ ਜ਼ਰੂਰਤ ਹੈ ਤਾਂ ਜੁਰਮਾਨੇ ਕੀਤਾ ਜਾ ਸਕਦਾ ਹੈ

ਜੇ ਤੁਹਾਨੂੰ ਉਲੰਘਣਾ ਦਾ ਨੋਟਿਸ ਮਿਲਦਾ ਹੈ, ਤਾਂ ਕਿਰਪਾ ਕਰਕੇ ਜੁਰਮਾਨੇ ਦਾ ਭੁਗਤਾਨ ਕਿਵੇਂ ਕਰਨਾ ਹੈ ਦੇ ਵੇਰਵਿਆਂ ਲਈ ਨੋਟਿਸ ਦੇ ਪਿਛਲੇ ਹਿੱਸੇ ਨੂੰ ਪੜ੍ਹੋ

ਜੇ ਤੁਹਾਨੂੰ ਤੁਹਾਡਾ ਉਲੰਘਣਾ-ਜੁਰਮਾਨਾ ਭਰਨ ਵਿੱਚ ਸਹਾਇਤਾ ਦੀ ਜ਼ਰੂਰਤ ਹੋਏ ਤਾਂ ਕੌਂਸਲ ਦੇ ਸੰਪਰਕ ਵੇਰਵੇ ਇਸ ਤੱਥ ਸ਼ੀਟ ਦੇ ਅੰਤ ਵਿੱਚ ਹਨ

## ਰਜਿਸਟ੍ਰੀਕਰਣ ਅਤੇ ਮਾਈਕਰੋਚੀਪਿੰਗ

ਕੁੱਤੇ ਅਤੇ ਬਿੱਲੀਆਂ ਰਜਿਸਟਰ ਹੋਣੇ ਚਾਹੀਦੇ ਹਨ ਜਦੋਂ ਉਹ 12 ਹਫ਼ਤਿਆਂ ਦੀ ਉਮਰ ਦੇ ਹੋ ਜਾਂਦੇ ਹਨ ਛੇ ਮਹੀਨਿਆਂ ਤੋਂ ਘੱਟ ਉਮਰ ਦੇ ਪਾਲਤੂਆਂ ਲਈ ਰਜਿਸਟ੍ਰੇਸ਼ਨ ਮੁਫਤ ਹੈ

ਸਾਲਾਨਾ ਰਜਿਸਟ੍ਰੇਸ਼ਨ ਦੀ ਫੀਸ ਹਰ ਸਾਲ 30 ਸਤੰਬਰ ਤੱਕ ਅਦਾ ਕਰਨੀ ਹੁੰਦੀ ਹੈ ਉਨ੍ਹਾਂ ਸਾਰੇ ਪਾਲਤੂ ਜਾਨਵਰਾਂ 'ਤੇ ਛੂਟ ਮਿਲਦੀ ਹੈ ਜਿੰਨ੍ਹਾਂ ਦੀ ਨਸਬੰਦੀ ਹੋਈ ਹੁੰਦੀ ਹੈ ਅਤੇ ਮਾਈਕਰੋਚਿੱਪ ਲੱਗੀ ਹੁੰਦੀ ਹੈ

ਜੇ ਤੁਸੀਂ ਕੁੱਤਾ ਜਾਂ ਬਿੱਲੀ ਵੇਚਦੇ ਜਾਂ ਕਿਸੇ ਹੋਰ ਨੂੰ ਦੇ ਦਿੰਦੇ ਹੋ, ਤਾਂ ਤੁਹਾਨੂੰ ਮਾਲਕੀ ਬਦਲਣ ਤੋਂ ਪਹਿਲਾਂ ਮਾਈਕਰੋਚਿੱਪ ਰਜਿਸਟ੍ਰੇਸ਼ਨ 'ਤੇ ਵੇਰਵੇ ਬਦਲਣੇ ਪੈਣਗੇ ਜਿਵੇਂਕਿ ਮਾਲਕ ਦਾ ਨਾਮ, ਪਤਾ ਅਤੇ ਫੋਨ ਨੰਬਰ

## ਮੈਂ ਆਪਣੇ ਪਾਲਤੂ ਨੂੰ ਕਿੱਥੇ ਰਜਿਸਟਰ ਕਰ ਸਕਦਾ ਹਾਂ?

Queensland Government

- ਤੁਸੀਂ ਮਾਈ ਕੌਂਸਲ ਦੁਆਰਾ ਔਨਲਾਈਨ ਰਜਿਸਟਰ ਕਰ ਸਕਦੇ ਹੋ - ਕਿਰਪਾ ਕਰਕੇ ਤੱਥ ਸ਼ੀਟ "ਕਿਸੇ ਜਾਨਵਰ ਨੂੰ ਕਿਵੇਂ ਔਨਲਾਈਨ ਰਜਿਸਟਰ ਕਰਨਾ ਹੈ" ਵੇਖੋ; ਜਾਂ
- ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8.30 ਵਜੇ ਦੇ ਵਿਚਕਾਰ ਕੌਂਸਲ ਦਫਤਰ ਜਾਓ

## ਗੁਆਚੇ ਹੋਏ ਪਾਲਤੂ ਜਾਨਵਰ

ਪਹਿਲੀ ਸਥਿਤੀ ਵਿੱਚ, ਕੌਂਸਲ ਅਧਿਕਾਰੀ ਗੁੰਮ ਹੋਏ ਕੁੱਤੇ ਅਤੇ ਬਿੱਲੀਆਂ ਆਪਣੇ ਮਾਲਕਾਂ ਨੂੰ ਵਾਪਸ ਕਰ ਦੇਣਗੇ ਜੇ ਮਾਲਕ ਦੀ ਪਛਾਣ ਪਾਲਤੂਆਂ ਦੇ ਰਜਿਸਟ੍ਰੇਸ਼ਨ ਟੈਗ ਜਾਂ ਮਾਈਕਰੋਚਿੱਪ ਦੁਆਰਾ ਕੀਤੀ ਜਾ ਸਕਦੀ ਹੋਈ

ਜੇ ਕੌਂਸਲ ਜਾਨਵਰ ਦੀ ਪਛਾਣ ਕਰਨ ਵਿੱਚ ਅਸਮਰੱਥ ਹੈ ਜਾਂ ਜੇ ਮਾਲਕ ਘਰ ਨਹੀਂ ਹੈ, ਤਾਂ Sippy Downs ਵਿਖੇ ਸਨਸ਼ਾਈਨ ਕੋਸਟ ਐਨੀਮਲ ਪੌਂਡ ਵਿਚ ਉਸ ਜਾਨਵਰ ਦੀ ਦੇਖਭਾਲ ਕੀਤੀ ਜਾਏਗੀ

ਪੌਂਡ ਤੋਂ ਕਿਸੇ ਜਾਨਵਰ ਨੂੰ ਵਾਪਸ ਲੈਣ ਲਈ ਫੀਸ ਦੇਣ ਦੀ ਜ਼ਰੂਰਤ ਹੁੰਦੀ ਹੈ

ਜੇ ਤੁਸੀਂ ਆਪਣੇ ਪਾਲਤੂ ਜਾਨਵਰਾਂ ਨੂੰ ਗੁਆ ਬੈਠਦੇ ਹੋ ਜਾਂ ਗੁਆਚੇ ਪਾਲਤੂ ਜਾਨਵਰ ਨੂੰ ਲੱਭਦੇ ਹੋ ਤਾਂ ਇਸ ਤੱਥ ਸ਼ੀਟ ਦੇ ਅੰਤ ਵਿੱਚ ਦਿੱਤੇ ਵੇਰਵਿਆਂ ਦੀ ਵਰਤੋਂ ਕਰਦੇ ਹੋਏ ਕੌਂਸਲ ਨੂੰ ਸੰਪਰਕ ਕਰੋ



## ਮਲਟੀਕਲਚਰਲ ਵੈਲਕਮ ਹੱਬ

ਇਹ ਪਤਾ ਲਗਾਓ ਕਿ ਤੁਹਾਨੂੰ ਸਹਾਇਤਾ ਕਿੱਥੋਂ ਮਿਲ ਸਕਦੀ ਹੈ, ਤੁਸੀਂ ਲੋਕਾਂ ਨੂੰ ਕਿਵੇਂ ਮਿਲ ਸਕਦੇ ਹੋ ਅਤੇ ਆਪਣੇ ਨਵੇਂ ਭਾਈਚਾਰੇ ਦਾ ਪਤਾ ਲਗਾ ਸਕਦੇ ਹੋ। ਹੋਰ ਪ੍ਰਵਾਸੀਆਂ ਦੀਆਂ ਕਹਾਣੀਆਂ ਸੁਣੋ।

www.sunshinecoast.qld.gov.au/multicultural

## ਕੀ ਤੁਹਾਨੂੰ ਭਾਸ਼ਾ 'ਚ ਮਦਦ ਚਾਹੀਦੀ ਹੈ?

ਜੇ ਤੁਹਾਨੂੰ ਅੰਗ੍ਰੇਜ਼ੀ ਬੋਲਣ ਜਾਂ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਤੁਸੀਂ 131 450 'ਤੇ ਅਨੁਵਾਦਕ ਅਤੇ ਦੁਭਾਸ਼ੀਆ ਸੇਵਾ (ਟੀ.ਆਈ.ਐੱਸ.) ਨੂੰ ਫ਼ੋਨ ਕਰ ਸਕਦੇ ਹੋ ਅਤੇ ਸਨਸ਼ਾਈਨ ਕੋਸਟ ਕੌਂਸਲ ਨੂੰ 5475 7272 'ਤੇ ਫ਼ੋਨ ਕਰਨ ਦੀ ਬੇਨਤੀ ਕਰ ਸਕਦੇ ਹੋ।

## ਔਨਲਾਈਨ ਜਾਣਕਾਰੀ ਦਾ ਅਨੁਵਾਦ ਕਰਨਾ

ਤੁਸੀਂ ਵੈੱਬਪੇਜਾਂ ਨੂੰ ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ ਕਰਨ ਲਈ ਗੂਗਲ ਕਰੋਮ ਦੀ ਵਰਤੋਂ ਕਰ ਸਕਦੇ ਹੋ। ਇਸ ਕਾਰਜ ਨੂੰ ਸਰਗਰਮ ਕਰਨ ਲਈ ਇਨ੍ਹਾਂ ਗੱਲਾਂ ਦੀ ਪਾਲਣਾ ਕਰੋ:

- ਆਪਣੇ ਕੰਪਿਊਟਰ' ਤੇ, ਕਰੋਮ ਖੋਲ੍ਹੋ।
- ਉੱਪਰ ਸੱਜੇ ਪਾਸੇ 'ਤੇ, ਹੋਰ ਸੈਟਿੰਗਜ਼ 'ਤੇ ਕਲਿਕ ਕਰੋ।
- ਥੱਲੇ ਜਾਕੇ, ਐਡਵਾਂਸਡ 'ਤੇ ਕਲਿੱਕ ਕਰੋ।
- "ਭਾਸ਼ਾਵਾਂ" ਦੇ ਅਧੀਨ, ਭਾਸ਼ਾ 'ਤੇ ਕਲਿਕ ਕਰੋ।
- ਚੈੱਕ ਕਰੋ ਜਾਂ ਅਨਚੈਕ ਕਰੋ "ਉਨ੍ਹਾਂ ਪੰਨਿਆਂ ਦਾ ਅਨੁਵਾਦ ਕਰਨ ਦੀ ਪੇਸ਼ਕਸ਼ ਕਰੋ ਜਿਹੜੇ ਤੁਹਾਡੇ ਪੜ੍ਹਨ ਵਾਲੀ ਭਾਸ਼ਾ ਵਿੱਚ ਨਹੀਂ ਹਨ। "

ਅਗਸਤ 2019 ਨੂੰ ਮੌਜੂਦਾ ਤੌਰ 'ਤੇ

**Sunshine Coast Council**
**www.sunshinecoast.qld.gov.au**
mail@sunshinecoast.qld.gov.au
**T** 07 5475 7272 **F** 07 5475 7277
Locked Bag 72 Sunshine Coast Mail Centre Qld 4560